# ਬੁਖ਼ਾਰ ਦੇ ਦੌਰੇ

# (Febrile Seizures)



## ਇਹ ਕੀ ਹੈ? (What Is It?)

ਜਦੋਂ ਕਿਸੇ ਬੱਚੇ ਨੂੰ ਦੌਰਾ ਪੈਂਦਾ ਹੈ, ਤਾਂ ਹੋ ਸਕਦਾ ਹੈ: ਉਨ੍ਹਾਂ ਦੀਆਂ ਬਾਹਾਂ ਜਾਂ ਲੱਤਾਂ ਵਿੱਚ ਕਠੋਰਤਾ, ਉਨ੍ਹਾਂ ਦੀਆਂ ਮਾਸਪੇਸ਼ੀਆਂ ਦੀਆਂ ਛੋਟੀਆਂ ਝਟਕਣ ਵਾਲੀਆਂ ਹਰਕਤਾਂ ਜਿਨ੍ਹਾਂ ਨੂੰ ਨਿਯੰਤਰਣ ਵਿੱਚ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਦੇ ਬੁੱਲ੍ਹਾਂ ਦਾ ਦੱਬਣਾ ਜਾਂ ਜੀਭ ਦੀਆਂ ਅਜੀਬ ਜਿਹੀਆਂ ਹਰਕਤਾਂ ਅਤੇ ਅੱਖਾਂ ਦਾ ਅਜੀਬ ਤਰੀਕੇ ਨਾਲ ਘੁੰਮਣਾ। ਦੌਰਿਆਂ ਕਾਰਨ ਬੱਚਾ ਹਮੇਸ਼ਾ ਲਗਭਗ ਆਪਣੀ ਚੇਤਨਾ ਖੋ ਦਿੰਦਾ ਹੈ, ਅਤੇ ਇਸ ਕਾਰਨ ਹੋ ਸਕਦਾ ਹੈ ਕਿ ਤੁਹਾਡਾ ਬੱਚਾ ਜਵਾਬਦੇਹ ਨਾ ਹੋਵੇ।

ਬੁਖ਼ਾਰ ਦਾ ਦੌਰਾ ਓਦੋਂ ਪੈਂਦਾ ਹੈ ਜਦੋਂ ਤੁਹਾਡੇ ਬੱਚੇ ਨੂੰ ਦੌਰਾ ਜਦੋਂ ਬੁਖ਼ਾਰ ਨਾਲ ਬਿਮਾਰ ਪੈਂਦਾ ਹੈ। ਬੁਖ਼ਾਰ ਦੇ ਦੌਰੇ ਅਕਸਰ ਕੁਝ ਮਿੰਟਾਂ ਤੱਕ ਹੀ ਰਹਿੰਦੇ ਨੇ। ਛੇ ਮਹੀਨਿਆਂ ਤੋਂ ਛੇ ਸਾਲ ਦੇ ਤੰਦਰੁਸਤ ਬੱਚਿਆਂ ਵਿੱਚ ਬੁਖ਼ਾਰ ਦੇ ਦੌਰੇ ਕਾਫ਼ੀ ਆਮ ਹੈ। ਸਾਰੇ ਬੱਚਿਆਂ ਵਿੱਚੋਂ ਚਾਰ ਪ੍ਰਤੀਸ਼ਤ ਬੱਚਿਆਂ ਨੂੰ ਬਚਪਨ ਦੇ ਸ਼ੁਰੂ ਵਿੱਚ ਘੱਟੋ ਘੱਟ ਇੱਕ ਵਾਰ ਬੁਖ਼ਾਰ ਦਾ ਦੌਰਾ ਪੈਂਦਾ ਹੈ। ਇਹ ਦੌਰੇ ਪਰਿਵਾਰਾਂ ਲਈ ਕਾਫ਼ੀ ਡਰਾਉਣੇ ਸਾਬਤ ਹੋ ਸਕਦੇ ਹਨ ਪਰ ਬੱਚੇ ਨੂੰ ਸ਼ਾਇਦ ਹੀ ਇਸ ਨਾਲ ਕੋਈ ਨੁਕਸਾਨ ਹੁੰਦਾ ਹੈ।

## ਮੁੱਖ ਨੁਕਤੇ (Key Points)

- ਛੇ ਮਹੀਨਿਆਂ ਤੋਂ 6 ਸਾਲ ਦੇ ਬੱਚਿਆਂ ਵਿੱਚ ਬੁਖ਼ਾਰ ਦੇ ਦੌਰੇ ਕਾਫ਼ੀ ਆਮ ਹਨ।
- ਬੁਖ਼ਾਰ ਦੇ ਦੌਰੇ ਬੇਕਾਬੂ ਝਟਕਿਆਂ ਜਾਂ ਕਠੋਰਤਾ ਅਤੇ ਬੁਖ਼ਾਰ ਦੇ ਕਾਰਨ ਚੇਤਨਾ ਦੀ ਘਾਟ ਦਾ ਇੱਕ ਦੌਰ ਹੁੰਦਾ ਹੈ।
- ਜੇ ਤੁਹਾਡੇ ਬੱਚੇ ਨੂੰ ਦੌਰਾ ਪੈ ਰਿਹਾ ਹੈ, ਤਾਂ ਉਸਨੂੰ ਸੁਰੱਖਿਅਤ ਰੱਖੋ। ਉਨ੍ਹਾਂ ਦੇ ਮੂੰਹ ਵਿੱਚ ਕੁਝ ਵੀ ਪਾਉਣ ਦੀ ਕੋਸ਼ਿਸ਼ ਨਾ ਕਰੋ। ਮਦਦ ਲਈ ਕਾੱਲ ਕਰੋ ਜੇ ਦੌਰੇ 3 ਮਿੰਟ ਤੋਂ ਵੱਧ ਸਮੇਂ ਲਈ ਰਹਿੰਦੇ ਹਨ

**ਤੁਰੰਤ ਡਾਕਟਰੀ ਮਦਦ ਲਓ ਜੇ:**
**(Seek Immediate Medical Attention if:)**

- ਤੁਹਾਡਾ ਬੱਚਾ ਬੁਖ਼ਾਰ ਦਾ ਦੌਰਾ ਪੈਣ ਵੇਲੇ 12 ਮਹੀਨਿਆਂ ਤੋਂ ਘੱਟ ਉਮਰ ਦਾ ਹੈ
- ਤੁਹਾਡੇ ਬੱਚੇ ਦਾ ਦੌਰਾ 3 ਮਿੰਟ ਤੋਂ ਬਾਅਦ ਵੀ ਨਹੀਂ ਰੁਕਦਾ (911 ਤੇ ਕਾੱਲ ਕਰੋ)
- ਦੌਰਾ ਪੈਣ ਤੋਂ 20-30 ਮਿੰਟ ਬਾਅਦ ਵੀ ਤੁਹਾਡਾ ਬੱਚਾ ਸਧਾਰਣ ਤੌਰ ਤੇ ਵਿਵਹਾਰ ਨਹੀਂ ਕਰ ਰਿਹਾ ਜਾਂ ਉਸ ਲਈ ਜਾਗਣਾ ਬਹੁਤ ਮੁਸ਼ਕਲ ਹੁੰਦਾ ਹੈ
- ਤੁਹਾਡੇ ਬੱਚੇ ਨੂੰ 24 ਘੰਟਿਆਂ ਵਿੱਚ ਇੱਕ ਤੋਂ ਵੱਧ ਵਾਰ ਦੌਰਾ ਪੈਂਦਾ ਹੈ
- ਤੁਹਾਡੇ ਬੱਚੇ ਨੂੰ ਬੁਖ਼ਾਰ ਤੋਂ ਬਿਨਾ ਦੌਰਾ ਪੈਂਦਾ ਹੈ।

- ਜ਼ਿਆਦਾਤਰ ਬੱਚੇ ਬੁਖ਼ਾਰ ਦਾ ਦੌਰਾ ਪੈਣ ਤੋਂ ਬਾਅਦ ਠੀਕ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵਿਸ਼ੇਸ਼ ਟੈਸਟ ਜਾਂ ਹਸਪਤਾਲ ਵਿਚ ਦਾਖਲ ਹੋਣ ਦੀ ਜ਼ਰੂਰਤ ਨਹੀਂ ਹੁੰਦੀ
- ਬੁਖ਼ਾਰ ਦੀਆਂ ਦਵਾਈਆਂ ਨਾਲ ਤੁਹਾਡੇ ਬੱਚੇ ਦਾ ਇਲਾਜ਼ ਕਰਨਾ ਉਨ੍ਹਾਂ ਨੂੰ ਆਰਾਮਦਾਇਕ ਬਣਾਉਣ ਵਿੱਚ ਮਦਦ ਕਰੇਗਾ ਪਰ ਇਹ ਜ਼ਰੂਰੀ ਤੌਰ ਤੇ ਬੁਖ਼ਾਰ ਦੇ ਦੌਰੇ ਨੂੰ ਨਹੀਂ ਰੋਕੇਗਾ

## ਲੱਛਣ (Symptoms)

ਦੌਰੇ ਅਚਾਨਕ ਅਤੇ ਆਮ ਤੌਰ ਤੇ ਬਿਨਾਂ ਚਿਤਾਵਨੀ ਦੇ ਆਉਂਦੇ ਹਨ। ਤੁਸੀਂ ਹੇਠਾਂ ਦਿੱਤਿਆਂ ਨੂੰ ਵੇਖ ਸਕਦੇ ਹੋ:

- ਤੁਹਾਡਾ ਬੱਚਾ ਜਵਾਬ ਨਹੀਂ ਦੇਣ ਯੋਗ ਹੋਵੇਗਾ
- ਉਨ੍ਹਾਂ ਦੀਆਂ ਅੱਖਾਂ ਉਨ੍ਹਾਂ ਦੇ ਸਿਰ ਵੱਲ ਜਾਂ ਇਕ ਪਾਸੇ ਮੁੜ ਸਕਦੀਆਂ ਹਨ
- ਉਹ ਜਾਨਵਰਾਂ ਵਰਗੀ ਆਵਾਜ਼ ਕੱਢ ਸਕਦੇ ਹਨ, ਉਨ੍ਹਾਂ ਦੇ ਮੂੰਹ ਵਿੱਚ ਵਧੇਰੇ ਥੁੱਕ ਆ ਸਕਦੀ ਹੈ ਜਾਂ ਬੁੱਲ੍ਹਾਂ ਦੇ ਦੁਆਲੇ ਜਾਮਨੀ/ਨੀਲਾ ਰੰਗ ਹੋ ਸਕਦਾ ਹੈ
- ਉਨ੍ਹਾਂ ਦੀਆਂ ਬਾਹਾਂ ਅਤੇ ਪੈਰ ਕਠੋਰ ਹੋ ਸਕਦੇ ਹਨ ਜਾਂ ਉਹ ਇੱਕ ਤਾਲ ਵਿੱਚ ਹਿੱਲਣਾ ਸ਼ੁਰੂ ਹੋ ਸਕਦੇ ਹਨ

## ਇਲਾਜ਼ (Treatment)

### ਜੇ ਮੇਰੇ ਬੱਚੇ ਨੂੰ ਬੁਖ਼ਾਰ ਦਾ ਦੌਰਾ ਪੈਂਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What Should I Do if My Child has a Febrile Seizure?)

1. ਸ਼ਾਂਤ ਰਹੋ
2. ਨੇੜੇ ਪਈਆਂ ਤਿੱਖੀਆਂ ਜਾਂ ਸਖਤ ਚੀਜ਼ਾਂ ਨੂੰ ਉਥੋਂ ਹਟਾਓ
3. ਜੇ ਤੁਸੀਂ ਕਰ ਸਕਦੇ ਹੋ, ਤਾਂ ਆਪਣੇ ਬੱਚੇ ਨੂੰ ਹੌਲੀ ਹੌਲੀ ਅਰਾਮ ਨਾਲ ਉਨ੍ਹਾਂ ਦੇ ਇੱਕ ਪਾਸੇ ਤੇ ਲੇਟਾਓ ਇਹ ਉਨ੍ਹਾਂ ਨੂੰ ਬਲਗ਼ਮ ਜਾਂ ਉਲਟੀਆਂ ਕਾਰਨ ਧਮ ਘੁਟਣ ਤੋਂ ਬਚਾਉਂਦੀ ਹੈ
4. ਆਪਣੇ ਬੱਚੇ ਦੇ ਸਿਰ ਹੇਠਾਂ ਕੁਝ ਨਰਮ ਰੱਖਣ ਦੀ ਕੋਸ਼ਿਸ਼ ਕਰੋ (ਜਿਵੇਂ: ਜੈਕਟ ਜਾਂ ਸਿਰਹਾਣਾ)
5. ਤੰਗ ਕੱਪੜੇ ਨੂੰ ਉਤਾਰੋ, ਖਾਸ ਕਰਕੇ ਗਰਦਨ ਦੇ ਦੁਆਲੇ ਦੇ
6. ਦੌਰੇ ਦੀਆਂ ਹਰਕਤਾਂ ਨੂੰ ਰੋਕਣ ਦੀ ਕੋਸ਼ਿਸ਼ ਨਾ ਕਰੋ ਜਾਂ ਆਪਣੇ ਬੱਚੇ ਦੇ ਮੂੰਹ ਵਿੱਚ ਕੁਝ ਵੀ ਪਾਉਣ ਦੀ ਕੋਸ਼ਿਸ਼ ਨਾ ਕਰੋ
7. ਤੁਹਾਡੇ ਬੱਚੇ ਦਾ ਡਾਕਟਰ ਜਾਣਨਾ ਚਾਹੇਗਾ ਕਿ ਦੌਰਾ ਕਿੰਨਾ ਚਿਰ ਚੱਲਿਆ। ਜੇ ਸੰਭਵ ਹੋਵੇ, (ਚਿਹਰੇ, ਬਾਂਹਾਂ, ਲੱਤਾਂ ਨੂੰ ਮਰੋੜਨਾ) ਦੇ ਸ਼ੁਰੂ ਹੋਣ ਦੇ ਸਮੇਂ ਨੂੰ ਨੋਟ ਕਰੋ ਅਤੇ ਖਤਮ ਹੋਣ ਤੇ ਵੀ ਧਿਆਨ ਦਿਓ (ਜਦ ਮਰੋੜਨਾ ਬੰਦ ਹੋ ਜਾਂਦਾ ਹੈ, ਬੱਚਾ ਸੱਖਣੇ ਢੰਗ ਨਾਲ ਘੂਰ ਅਤੇ ਰੋ ਸਕਦਾ ਹੈ)
   - ਜੇ ਦੌਰਾ ਤਿੰਨ ਮਿੰਟ ਤੋਂ ਘੱਟ ਸਮੇਂ ਲਈ ਪੈਂਦਾ ਹੈ, ਤਾਂ ਆਪਣੇ ਬੱਚੇ ਨੂੰ ਤੁਰੰਤ ਡਾਕਟਰ ਕੋਲ ਲੈ ਜਾਓ

- ਜੇ ਦੌਰਾ ਤਿੰਨ ਮਿੰਟਾਂ ਬਾਅਦ ਨਹੀਂ ਰੁਕਿਆ, ਤੁਰੰਤ ਐਂਬੂਲੈਂਸ ਨੂੰ ਕਾੱਲ ਕਰੋ

### ਦੌਰਾ ਪੈਣ ਤੋਂ ਬਾਅਦ ਮੇਰਾ ਬੱਚਾ ਕਿਸ ਤਰ੍ਹਾਂ ਦਾ ਵਿਵਹਾਰ ਕਰੇਗਾ? (What Will My Child be like After the Seizure?)

- ਕਈ ਵਾਰ ਦੌਰਾ ਪੈਣ ਤੋਂ ਬਾਅਦ ਬੱਚੇ ਉਲਝਣ ਆ ਜਾਂਦੇ ਹਨ ਜਾਂ ਸੁਸਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੁਝ ਸਮੇਂ ਲਈ ਸੌਣ ਦੀ ਜ਼ਰੂਰਤ ਹੁੰਦੀ ਹੈ। ਤੁਹਾਡਾ ਬੱਚਾ ਤੁਹਾਨੂੰ ਦੱਸ ਦੇਵੇਗਾ ਜਦੋਂ ਉਹ ਉੱਠਣ ਅਤੇ ਉਹ ਦੁਬਾਰਾ ਤੋਂ ਸਧਾਰਣ ਗਤੀਵਿਧੀਆਂ ਸ਼ੁਰੂ ਕਰਨ ਲਈ ਤਿਆਰ ਹੋਵੇਗਾ।
- ਮੂੰਹ ਰਾਹੀਂ ਖਾਣਾ, ਪੀਣ ਜਾਂ ਦਵਾਈ ਦੇਣ ਤੋਂ ਪਹਿਲਾਂ ਤੁਹਾਡੇ ਬੱਚੇ ਦੇ ਸੁਚੇਤ ਹੋਣ ਤਕ ਇੰਤਜ਼ਾਰ ਕਰਨਾ ਯਕੀਨੀ ਬਣਾਓ।

### ਮੇਰੇ ਬੱਚੇ ਨੂੰ ਵੇਖਣ ਤੇ ਡਾਕਟਰ ਕੀ ਕਰੇਗਾ? (What Will the Doctor Do When They See My Child?)

ਜਦੋਂ ਤੁਸੀਂ ਆਪਣੇ ਡਾਕਟਰ ਨੂੰ ਮਿਲੋਗੇ, ਉਹ ਤੁਹਾਨੂੰ ਦੌਰੇ ਬਾਰੇ ਵਿਸਥਾਰ ਨਾਲ ਦੱਸਣ ਲਈ ਕਹਿਣਗੇ। ਉਹ ਜਾਣਨਾ ਚਾਹੁਣਗੇ ਕਿ ਇਹ ਕਿੰਨਾ ਚਿਰ ਚੱਲਿਆ ਅਤੇ ਦੌਰੇ ਦੌਰਾਨ ਤੁਹਾਡਾ ਬੱਚਾ ਕਿਵੇਂ ਦੀ ਹਰਕਤਾਂ ਕਰ ਰਿਹਾ ਸੀ।

ਬੁਖ਼ਾਰ ਦਾ ਕਾਰਨ ਲੱਭਣ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਹਾਡਾ ਬੱਚਾ ਆਮ ਵਿਵਹਾਰ ਕਰ ਰਿਹਾ ਹੈ, ਇਸ ਲਈ ਡਾਕਟਰ ਤੁਹਾਡੇ ਬੱਚੇ ਦੀ ਜਾਂਚ ਕਰੇਗਾ। ਜੇ ਤੁਹਾਡੇ ਬੱਚੇ ਦੇ ਬੁਖ਼ਾਰ ਦਾ ਕੋਈ ਸਪੱਸ਼ਟ ਕਾਰਨ ਹੈ (ਉਦਾਹਰਣ: ਖਾਂਸੀ ਅਤੇ ਵਗਦਾ ਨੱਕ), ਆਮ ਤੌਰ ਤੇ ਡਾਕਟਰ ਕਿਸੇ ਵੀ ਵਾਧੂ ਟੈਸਟ ਲਈ ਨਹੀਂ ਕਹੇਗਾ। ਹਾਲਾਂਕਿ, ਜੇ ਤੁਹਾਡੇ ਡਾਕਟਰ ਨੂੰ ਲੱਗਦਾ ਹੈ ਕਿ ਕੁਝ ਗਲਤ ਹੈ, ਤਾਂ ਉਹ ਦੌਰੇ ਦੇ ਹੋਰ ਸੰਭਾਵਿਤ ਕਾਰਨਾਂ ਨੂੰ ਰੱਦ ਕਰਨ ਲਈ ਕੁਝ ਟੈਸਟਾਂ ਦਾ ਆਦੇਸ਼ ਦੇਣਗੇ।

ਬਹੁਤ ਸਾਰੇ ਬੱਚੇ ਜੋ ਬੁਖ਼ਾਰ ਦੇ ਦੌਰੇ ਤੋਂ ਬਾਅਦ ਠੀਕ ਦਿਖਾਈ ਦਿੰਦੇ ਹਨ, ਉਨ੍ਹਾਂ ਲਈ ਆਪਣੇ ਘਰ ਜਾਣਾ ਸੁਰੱਖਿਅਤ ਹੁੰਦਾ ਹੈ। ਕੁੱਝ ਬੱਚਿਆਂ ਨੂੰ ਸੁਰੱਖਿਅਤ ਤਰੀਕੇ ਨਾਲ ਘਰ ਜਾਣ ਤੋਂ ਪਹਿਲਾਂ ਥੋੜਾ ਸਮਾਂ ਐਮਰਜੈਂਸੀ ਡਿਪਾਰਟਮੈਂਟ ਵਿੱਚ ਬਿਤਾਉਣਾ ਪੈ ਸਕਦਾ ਹੈ ਜਾਂ ਉਨ੍ਹਾਂ ਨੂੰ ਕੁੱਝ ਟੈਸਟ ਕਰਾਉਣੇ ਪੈ ਸਕਦੇ ਹਨ।

### ਮੈਂ ਬੁਖ਼ਾਰ ਵਾਲਿਆਂ ਦੌਰਿਆਂ ਨੂੰ ਕਿਵੇਂ ਰੋਕ ਸਕਦਾ ਹਾਂ? (How Can I Prevent Febrile Seizures?)

ਇਹ ਅੰਦਾਜ਼ਾ ਲਗਾਉਣਾ ਕਾਫੀ ਔਖਾ ਹੈ ਕਿ ਤੁਹਾਡੇ ਬੱਚੇ ਨੂੰ ਕਿਸ ਸਮੇਂ ਅਤੇ ਕਿਸ ਤਰ੍ਹਾਂ ਬੁਖ਼ਾਰ ਦੇ ਦੌਰੇ ਪੈਂਦੇ ਹਨ। ਇਸ ਕਿਸਮ ਦਾ ਦੌਰਾ ਆਮ ਤੌਰ ਤੇ ਉਦੋਂ ਪੈਂਦੇ ਹਨ ਜਦੋਂ ਬੱਚੇ ਦਾ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਅਕਸਰ ਮਾਪਿਆਂ ਨੂੰ ਇਹ ਇਹਸਾਸ ਹੋਣ ਤੋਂ ਪਹਿਲਾਂ ਪੈਂਦਾ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਬੁਖ਼ਾਰ ਹੈ।

1. ਬੁਖ਼ਾਰ ਦੀਆਂ ਦਵਾਈਆਂ
    - ਬੁਖ਼ਾਰ ਦੀ ਦਵਾਈ ਦੇਣ ਨਾਲ ਦੌਰਾ ਨਹੀਂ ਰੁਕੇਗਾ ਅਤੇ ਨਾ ਹੀ ਇਹ ਇਸ ਦੀ ਮਿਆਦ ਨੂੰ ਘਟਾਏਗਾ

- ਤੁਸੀਂ ਆਪਣੇ ਬੱਚੇ ਨੂੰ ਅਰਾਮਦੇਹ ਰੱਖਣ ਲਈ ਐਸੀਟਾਮਿਨੋਫ਼ਿਨ (Tylenol® or Tempra®) ਜਾਂ ਆਈਬੂਪ੍ਰੋਫਿਨ (Advil® or Motrin®) ਦੇ ਸਕਦੇ ਹੋ। ਪੈਕਿੰਗ ਤੇ ਨਿਰਦੇਸਿਤ ਜਾਂ ਸਿਹਤ ਦੇਖਭਾਲ ਪ੍ਰਦਾਤਾ ਦੁਆਰਾ ਨਿਰਦੇਸ਼ ਦਿੱਤੇ ਅਨੁਸਾਰ ਵਰਤੋਂ।
- ਜਦੋਂ ਬੱਚੇ ਨੂੰ ਦੌਰਾ ਪੈ ਰਿਹਾ ਹੋਵੇ ਤਾਂ ਉਸ ਨੂੰ ਬੁਖ਼ਾਰ ਦੀਆਂ ਦਵਾਈਆਂ ਦੇਣ ਦੀ ਕੋਸ਼ਿਸ਼ ਨਾ ਕਰੋ

2. ਦੌਰਾ-ਰੋਧਕ ਦਵਾਈ
    - ਬੁਖ਼ਾਰ ਕਾਰਨ ਦੌਰੇ ਪੈਣ ਵਾਲੇ ਜ਼ਿਆਦਾਤਰ ਬੱਚੇ ਵੈਸੇ ਸਿਹਤਮੰਦ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਦੌਰੇ ਦੀਆਂ ਵਿਸ਼ੇਸ਼ ਦਵਾਈਆਂ ਦੀ ਜ਼ਰੂਰਤ ਨਹੀਂ ਹੁੰਦੀ
    - ਅਜਿਹੇ ਕੁਝ ਖਾਸ ਹਾਲਾਤ ਹੁੰਦੇ ਹਨ ਜਿਥੇ ਤੁਹਾਡਾ ਡਾਕਟਰ ਇਹ ਮਹਿਸੂਸ ਕਰ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਦਵਾਈਆਂ ਤੋਂ ਲਾਭ ਪ੍ਰਾਪਤ ਹੋ ਸਕਦਾ ਹੈ। ਜੇ ਅਜਿਹਾ ਮਾਮਲਾ ਹੈ, ਤਾਂ ਬੱਚੇ ਨੂੰ ਆਮ ਤੌਰ ਤੇ ਸ਼ੋਰਟ-ਐਕਟਿੰਗ ਦੌਰਾ-ਰੋਧਕ ਵਾਲੀ ਦਵਾਈ ਦੇਣੀ ਸ਼ੁਰੂ ਕੀਤੀ ਜਾ ਸਕਦੀ ਹੈ। ਤੁਹਾਡਾ ਡਾਕਟਰ ਤੁਹਾਨੂੰ ਸਮਝਾਇਗਾ ਕਿ ਦਵਾਈ ਕਿਵੇਂ ਕੰਮ ਕਰਦੀ ਹੈ ਅਤੇ ਤੁਹਾਨੂੰ ਡਾਕਟਰੀ ਸਹਾਇਤਾ ਲੈਣ ਦੀ ਜ਼ਰੂਰਤ ਕਦੋਂ ਹੁੰਦੀ ਹੈ

## ਕੀ ਮੇਰੇ ਬੱਚੇ ਦੇ ਭਵਿੱਖ ਵਿੱਚ ਦੌਰੇ ਪੈਣੇ ਜਾਰੀ ਰਹਿਣਗੇ?
## (Will My Child Continue to have Seizures in the Future?)

ਤਕਰੀਬਨ 30 ਫੀਸਦ ਬੱਚਿਆਂ ਨੂੰ ਇਕ ਹੋਰ ਬੁਖ਼ਾਰ ਦਾ ਦੌਰਾ ਪਏਗਾ। ਜ਼ਿਆਦਾਤਰ ਬੱਚੇ ਬੁਖ਼ਾਰ ਦੇ ਦੌਰਿਆਂ ਤੋਂ 'ਉਭਰ' ਜਾਂਦੇ ਹਨ ਅਤੇ ਇਨ੍ਹਾਂ ਵਿਚੋਂ ਸਿਰਫ ਦੋ ਤੋਂ ਤਿੰਨ ਪ੍ਰਤੀਸ਼ਤ ਤੋਂ ਘੱਟ ਬੱਚਿਆਂ ਨੂੰ ਬਾਅਦ ਵਿਚ ਜ਼ਿੰਦਗੀ ਵਿਚ ਦੌਰਾ ਬਿਮਾਰੀ (ਮਿਰਗੀ) ਪੈਂਦੀ ਹੈ।

## ਕੀ ਮੈਨੂੰ ਆਪਣੇ ਬੱਚੇ ਲਈ ਵਧੇਰੇ ਸਾਵਧਾਨ ਹੋਣਾ ਚਾਹੀਦਾ ਹੈ?
## (Do I have to be Extra Careful with My Child?)

ਯਾਦ ਰੱਖੋ ਕਿ ਤੁਹਾਡਾ ਇੱਕ ਸਧਾਰਣ, ਸਿਹਤਮੰਦ ਬੱਚਾ ਹੈ ਜਿਸਨੂੰ ਬੁਖ਼ਾਰਾਂ ਕਾਰਨ ਦੌਰੇ ਪੈ ਸਕਦੇ ਹਨ। ਸਾਰੇ ਬੱਚੇ ਕਦੀ ਨ ਕਦੀ ਬਿਮਾਰ ਹੋ ਜਾਂਦੇ ਹਨ, ਖ਼ਾਸਕਰ ਛੋਟੇ ਬੱਚੇ। ਬੁਖ਼ਾਰ ਦੇ ਦੌਰਿਆਂ ਕਾਰਨ ਤੁਹਾਡੇ ਬੱਚੇ ਜਾਂ ਪਰਿਵਾਰ ਦੀ ਜ਼ਿੰਦਗੀ ਵਿੱਚ ਬਹੁਤ ਜ਼ਿਆਦਾ ਤਬਦੀਲੀ ਨਹੀਂ ਆਉਣੀ ਚਾਹੀਦੀ। ਆਪਣੇ ਬੱਚੇ ਨਾਲ ਉਵੇਂ ਹੀ ਵਿਵਹਾਰ ਕਰੋ ਜਿਵੇਂ ਤੁਸੀਂ ਕਿਸੇ ਹੋਰ ਆਮ ਤੰਦਰੁਸਤ ਬੱਚੇ ਨਾਲ ਕਰਦੇ ਹੋ।

## ਕੀ ਇਹ ਦਿਮਾਗੀ ਨੁਕਸਾਨ ਦਾ ਕਾਰਨ ਬਣਦੇ ਹਨ? (Do they Cause Brain Damage?)

ਬੁਖ਼ਾਰ ਦੇ ਦੌਰੇ ਦੌਰਾਨ ਇਕ ਬੱਚਾ ਕਿਵੇਂ ਦਿਖਾਈ ਦਿੰਦਾ ਹੈ ਇਹ ਪਰਿਵਾਰਾਂ ਲਈ ਬਹੁਤ ਡਰਾਉਣਾ ਹੋ ਸਕਦਾ ਹੈ, ਹਾਲਾਂਕਿ ਸੰਖੇਪ ਦੌਰੇ ਪੈਣ ਨਾਲ ਕੋਈ ਨੁਕਸਾਨ ਨਹੀਂ ਹੁੰਦਾ ਅਤੇ ਦਿਮਾਗ ਵਿਚ ਲੰਬੇ ਸਮੇਂ ਦੀ ਕੋਈ ਤਬਦੀਲੀ ਨਹੀਂ ਆਓਂਦੀ।

## ਆਪਣੇ ਵਿਕਲਪ ਜਾਣੋ (Know Your Options)




ਇਹ ਡਰਾਉਣਾ ਹੋ ਸਕਦਾ ਹੈ ਜਦੋਂ ਤੁਹਾਡਾ ਬੱਚਾ ਬਿਮਾਰ ਹੁੰਦਾ ਹੈ। ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਨੂੰ ਐਮਰਜੈਂਸੀ ਵਿਭਾਗ ਵਿੱਚ ਜਾਣ ਦੀ ਜ਼ਰੂਰਤ ਨਹੀਂ ਹੁੰਦੀ। ਜੇ ਤੁਸੀਂ ਨਿਸ਼ਚਤ ਨਹੀਂ ਹੋ, ਤਾਂ ਅਸੀਂ ਇੱਥੇ ਤੁਹਾਡੀ ਮਦਦ ਕਰਨ ਲਈ ਹਾਂ।

## ਕ੍ਰਿਪਾ ਧਿਆਨ ਦਿਓ (Please Note)

ਇਨ੍ਹਾਂ ਪੰਨਿਆਂ ਤੇ ਦਿੱਤੀ ਗਈ ਸਮੱਗਰੀ ਡਾਕਟਰੀ ਸਲਾਹ ਨੂੰ ਬਦਲਣ ਲਈ ਨਹੀਂ ਹੈ। ਜੇ ਤੁਹਾਨੂੰ ਆਪਣੇ ਬੱਚੇ ਦੀ ਸਿਹਤ ਬਾਰੇ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸਿੱਧਾ ਸੰਪਰਕ ਕਰੋ। ਜੇ ਤੁਹਾਡੇ ਬੱਚੇ ਨੂੰ ਐਮਰਜੈਂਸੀ ਹੈ, ਤਾਂ ਨੇੜੇ ਦੇ ਐਮਰਜੈਂਸੀ ਵਿਭਾਗ ਵਿਚ ਜਾਉ ਜਾਂ 911 ਤੇ ਕਾੱਲ ਕਰੋ। Alberta Health Services ਅਤੇ Project HEAL ਇਹ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਸਾਰੀ ਸਮੱਗਰੀ ਸਹੀ ਹੈ, ਪਰ ਉਨ੍ਹਾਂ ਨੂੰ ਇਹਨਾਂ ਪੰਨਿਆਂ ਵਿਚਲੀਆਂ ਗਲਤੀਆਂ ਜਾਂ ਅਧੂਰੀ ਜਾਣਕਾਰੀ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾਵੇਗਾ।